International Journal of Applied Research 2017; 3(3): 965-968



International Journal of Applied Research

**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(3): 965-968
www.allresearchjournal.com
Received: 22-01-2017
Accepted: 27-02-2017

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

**Correspondence**
**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਲੋਕਤੰਤਰ ਦਾ ਥੰਮ ਪੱਤਰਕਾਰੀ: ਬਦਲਦੇ ਸਰੂਪ

**ਡਾ. ਵਿਨੈਨੀਤ ਕੌਰ**

## ਪ੍ਰਸਤਾਵਨਾ

ਅਜੋਕੇ ਵਿਗਿਆਨਕ ਯੁੱਗ ਵਿਚ ਵਿਗਿਆਨਕ ਖੋਜਾਂ ਅਤੇ ਮਨੁੱਖੀ ਸੱਭਿਅਤਾ ਦੇ ਸਦੀ ਦਰ ਸਦੀ ਵਿਕਾਸ ਨੇ ਵਿਸ਼ਾਲ ਮਾਨਵੀ ਸੰਸਾਰ ਨੂੰ ਸੁੰਗੇੜ ਕੇ ਰੱਖ ਦਿਤਾ ਹੈ। ਅੱਜ ਮਾਨਵੀ ਸਮਾਜ ਹੈਰਾਨੀ ਜਨਕ ਉਨਤੀ ਕਰ ਚੁੱਕਿਆ ਹੈ ਅਤੇ ਇਸ ਵਿਕਾਸ ਦੀ ਗਤੀ ਵੀ ਬਹੁਤ ਤੇਜ਼ ਹੈ। ਨਤੀਜੇ ਵਜੋਂ ਸੂਚਨਾ ਸੰਚਾਰ ਦੇ ਪਰੰਪਰਾਗਤ ਅਤੇ ਰਿਵਾਇਤੀ ਤਰੀਕਿਆਂ ਦੀ ਜਗ੍ਹਾ ਵਿਕਸਿਤ, ਆਧੁਨਿਕ ਅਤੇ ਸ਼ਕਤੀਸ਼ਾਲੀ ਵਿਅਕਤੀਗਤ ਅਤੇ ਜਨ-ਸੂਚਨਾ ਸੰਚਾਰ ਸਾਧਨ ਵਿਕਸਿਤ ਹੋ ਗਏ ਹਨ। ਨਿਜੀ ਸੂਚਨਾ-ਸੰਚਾਰ ਸਾਧਨਾਂ- ਮੋਬਾਈਲ, ਸੋਸ਼ਲ ਮੀਡੀਆ, ਈਮੇਲ ਆਦਿ ਤੋਂ ਇਲਾਵਾ ਸਾਮੂਹਿਕ ਜਨ-ਸੂਚਨਾ-ਸੰਚਾਰ ਦੇ ਸਾਧਨਾਂ- ਟੈਲੀਵਿਜਨ, ਇੰਟਰਨੈਟ ਅਤੇ ਸਮਾਚਾਰ-ਪੱਤਰਾਂ ਨੇ ਸਾਰੇ ਸੰਸਾਰ ਵਿਚ ਇਕ ਤਰ੍ਹਾਂ ਦਾ ਵਿਸਫੋਟ ਲੈ ਆਂਦਾ ਹੈ। ਵਰਤਮਾਨ ਯੁੱਗ ਵਿਚ ਜਨ-ਸੰਚਾਰ ਸਾਧਨਾਂ ਦੀ ਮਹੱਤਤਾ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਨਵੇਂ ਹਾਲਾਤ ਪੈਦਾ ਹੋ ਰਹੇ ਹਨ, ਨਵੇਂ ਵਿਚਾਰ ਸਾਹਮਣੇ ਆ ਰਹੇ ਹਨ। ਰਾਜਨੀਤਕ, ਸਮਾਜਕ, ਸਭਿਆਚਾਰਕ ਖੇਤਰਾਂ ਵਿਚ ਅਣਗਿਣਤ ਤਬਦੀਲੀਆਂ ਆ ਰਹੀਆਂ ਹਨ। ਜਨਤਾ ਇਨ੍ਹਾਂ ਸਾਰੀਆਂ ਤਬਦੀਲੀਆਂ ਬਾਰੇ ਜਾਨਣ ਦੀ ਇੱਛੁਕ ਹੁੰਦੀ ਹੈ, ਕਿਉਂਕਿ ਗਿਆਨ ਪ੍ਰਾਪਤ ਕਰਨਾ, ਜਾਣਕਾਰੀ ਲੈਣਾ ਤੇ ਦੇਣਾ ਮਨੁੱਖੀ ਸੁਭਾਅ ਦਾ ਮੁੱਖ ਅੰਗ ਹੈ। ਇਹੀ ਕਾਰਣ ਹੈ ਕਿ ਲੋਕ ਇਕ ਦੂਜੇ ਨਾਲ ਗੱਲਾਂ ਬਾਤਾਂ ਕਰਕੇ ਆਪਣਾ ਗਿਆਨ ਵਧਾਉਂਦੇ ਹਨ। ਸੰਚਾਰ/ਪ੍ਰਸਾਰ ਦੇ ਵੱਖ ਵੱਖ ਮਾਧਿਅਮ ਜਨਤਾਦੀ ਇਸ ਵਿਸ਼ੇਸ਼ ਲੋੜ ਨੂੰ ਪੂਰਾ ਕਰਦੇ ਹਨ।

ਸੂਚਨਾ ਸੰਚਾਰ ਦੇ ਵਿਅਕਤੀਗਤ ਅਤੇ ਪਰੰਪਰਾਗਤ ਤੋਂ ਸਮੂਹਿਕ ਅਤੇ ਜਨ-ਸੂਚਨਾ-ਸੰਚਾਰ ਵੱਲ ਪਰਤਣ ਨੇ 'ਪੱਤਰਕਾਰੀ' ਨੂੰ ਜਨਮ ਦਿਤਾ। ਦੂਸਰੇ ਸ਼ਬਦਾਂ ਵਿਚ 'ਪੱਤਰਕਾਰੀ' ਸੂਚਨਾ ਸੰਚਾਰ ਦੇ ਜਨ-ਸੰਚਾਰ ਸਾਧਨਾਂ ਦਾ ਹੀ ਨਾਂ ਹੈ। ਅਜੋਕੇ ਸਮੇਂ ਵਿਚ ਸੂਚਨਾ ਦੇ ਜਨ-ਸੰਚਾਰ ਸਾਧਨਾਂ-ਸਮਾਚਾਰ ਪੱਤਰ, ਮੈਗਜ਼ੀਨ ਅਤੇ ਟੈਲੀਵਿਜਨ ਆਦਿ ਨੂੰ 'ਪੱਤਰਕਾਰੀ' ਅਧੀਨ ਵਿਚਾਰਿਆ ਜਾਂਦਾ ਹੈ। ਪੱਤਰਕਾਰੀ ਦੇ ਇਤਿਹਾਸ ਨੂੰ ਅਸੀਂ ਮਨੁੱਖੀ ਸੱਭਿਅਤਾ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਮੰਨਦੇ ਹਾਂ ਪਰ ਵਰਤਮਾਨ ਰੂਪ ਦੇ ਤੌਰ 'ਤੇ ਪੱਤਰਕਾਰੀ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ। 'ਪੱਤਰਕਾਰੀ' ਸ਼ਬਦ ਅੰਗ੍ਰੇਜ਼ੀ ਸ਼ਬਦ 'ਜਰਨਲਿਜ਼ਮ' ਦਾ ਸਮਾਨਾਰਥਕ ਹੈ ਅਤੇ ਵਿਸਤ੍ਰਿਤ ਅਰਥਾਂ ਵਿਚ ਸੂਚਨਾ ਦੇ ਜਨ-ਸੰਚਾਰ ਸਾਧਨਾਂ ਲਈ ਵਰਤਿਆ ਜਾਂਦਾ ਹੈ।

ਵਿਸ਼ੇ ਅਤੇ ਰੂਪ ਦੇ ਪੱਖੋਂ ਪੱਤਰਕਾਰੀ ਦਾ ਖੇਤਰ ਬਹੁਤ ਵਿਸ਼ਾਲ ਹੋਣ ਕਾਰਣ ਇਸਨੂੰ ਕਿਸੇ ਇਕ ਪਰਿਭਾਸ਼ਾ ਵਿਚ ਬੰਨ੍ਹਣਾ ਕਠਿਨ ਕਾਰਜ ਹੈ। ਅਮੈਰੀਕਾਨਾ ਐਨਸਾਈਕਲੋਪੀਡੀਆ ਅਨੁਸਾਰ ਸ਼ਬਦ "ਜਰਨਲਿਜ਼ਮ" ਫਰੈਂਚ ਸ਼ਬਦ 'ਜਰਨੀ' ਤੋਂ ਬਣਿਆ ਹੈ। ਜਿਸਦਾ ਭਾਵ ਹੈ ਇਕ ਦਿਨ ਦਾ ਕੰਮ ਜਾਂ ਵਰਣਨ। ਇਹ ਵਰਤਮਾਨ ਸਮੇਂ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਇਕੱਤਰ ਅਤੇ ਸੰਪਾਦਨ ਕਰਕੇ ਸਮਾਚਾਰ ਪੱਤਰਾਂ ਅਤੇ ਮੈਗਜ਼ੀਨਾਂ ਰਾਹੀਂ ਪੇਸ਼ ਕਰਨ ਦਾ ਨਾਂ ਹੈ। ਐਨਸਾਈਕਲੋਪੀਡੀਆ ਬ੍ਰਿਟੇਨਿਕਾ ਅਨੁਸਾਰ ਪੱਤਰਕਾਰੀ ਸਮਾਚਾਰ ਪੱਤਰਾਂ ਅਤੇ ਮੈਗਜ਼ੀਨਾਂ ਲਈ ਲਿਖਣਾ ਅਤੇ ਉਨ੍ਹਾਂ ਦਾ ਸੰਪਾਦਨ ਕਰਨਾ ਹੈ। ਸਮਾਚਾਰ ਨੂੰ ਇਕੱਠੇ ਕਰਨਾ ਅਤੇ ਪ੍ਰਸਾਰਤ ਕਰਨਾ, ਮੈਗਜ਼ੀਨਾਂ ਦਾ ਪ੍ਰਬੰਧ ਕਰਨਾ ਹੈ ਅਤੇ ਇਸ਼ਤਿਹਾਰਬਾਜ਼ੀ ਆਦਿ ਵੀ ਅਕਸਰ ਪੱਤਰਕਾਰੀ ਦੇ ਖੇਤਰ ਵਿਚ ਹੀ ਆਉਂਦੇ ਹਨ। ਬੈਵਸਟਰਜ਼ ਥਰਡ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਜਰਨਲਿਜ਼ਮ ਅਨੁਸਾਰ'ਪੱਤਰਕਾਰੀ' ਦਾ ਮਤਲਬ ਭਖਦੇ ਮਸਲਿਆਂ ਬਾਰੇ ਸਮੱਗਰੀ ਨੂੰ ਪੇਸ਼ ਕਰਨ, ਪ੍ਰਕਾਸ਼ਤ ਕਰਨ ਜਾਂ ਪ੍ਰਸਾਰਿਤ ਕਰਨ ਵਾਸਤੇ ਇਕੱਤਰ ਅਤੇ ਸੰਪਾਦਿਤ ਕਰਨਾ ਹੈ। ਟਾਇਮ ਮੈਗਜ਼ੀਨ ਦੇ ਉੱਘੇ ਪੱਤਰਕਾਰ ਐਰਿਕ ਹੋਡਗਿਨਜ਼ ਅਨੁਸਾਰ ਪੱਤਰਕਾਰੀ ਉਹ ਕਿਰਿਆ ਹੈ ਜਿਸ ਵਿਚ ਸੂਚਨਾਵਾਂ ਨੂੰ ਤੁਰੰਤ ਠੀਕ ਠੀਕ ਅਤੇ ਸਪਸ਼ਟ ਰੂਪ ਵਿਚ ਅਜਿਹੇ ਢੰਗ ਨਾਲ ਇੱਧਰ ਉਧਰ ਭੇਜਿਆ ਜਾਂਦਾ ਹੈ ਜਿਸ ਨਾਲ ਸੱਚ ਦੀ ਸੇਵਾ ਹੁੰਦੀ ਹੋਵੇ ਅਤੇ ਸਹੀ ਗ਼ਲਤ ਜੇਕਰ ਤੁਰੰਤ ਨਹੀਂ ਤਾਂ ਘੱਟੋ-ਘੱਟ ਸਹਿਜੇ ਸਹਿਜੇ ਵਧੇਰੇ ਸਪਸ਼ਟ ਹੁੰਦੇ ਜਾਣ।

ਪੱਤਰਕਾਰੀ ਸੂਚਨਾ ਹੈ, ਸੰਚਾਰ ਹੈ। ਇਹ ਸਾਡੇ ਆਲੇ-ਦੁਆਲੇ ਹਕੀਕਤਵਿਚ ਵਾਪਰਦੀਆਂ ਘਟਨਾਵਾਂ ਨੂੰ ਸ਼ਬਦਾਂ, ਆਵਾਜ਼ਾਂ ਅਤੇ ਤਸਵੀਰਾਂ ਰਾਹੀਂ ਸੰਖੇਪ ਰੂਪ ਵਿਚ ਰੂਪਮਾਨ ਕਰਕੇ ਸੰਚਾਰ ਦੇ ਮਕੈਨਿਕੀ ਸਾਧਨਾਂ ਰਾਹੀਂ ਮਨੁੱਖੀ ਉਤਸੁਕਤਾਦੀ ਭੁੱਖ ਨੂੰ ਮਿਟਾਉਣ ਦੀ ਇਕ ਵਿਧੀ ਹੈ। ਜਿਹੜੀ ਕਿ ਸਦਾ ਹੀ ਇਸ ਤਾੜ ਵਿਚ ਰਹਿੰਦੀ ਹੈ ਕਿ ਨਵਾਂ ਕੀ ਵਾਪਰਿਆ ਹੈ। ਗਿਆਨੀ ਕੁਲਦੀਪ ਸਿੰਘ ਅਨੁਸਾਰ 'ਪੱਤਰਕਾਰੀ' ਸਮਾਚਾਰਾਂ ਅਤੇ ਉਨ੍ਹਾਂ ਸੰਬੰਧੀ ਸਮੀਖਿਆ ਨੂੰ ਵਿਸ਼ਾਲ ਲੋਕ ਘੇਰੇ ਤੱਕ ਪਹੁੰਚਾਉਣ ਦੀ ਕਲਾ ਹੈ। ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਸੂਬਾ ਸਿੰਘ ਲਿਖਦੇ ਹਨ ਕਿ ਇਧਰੋਂ ਉਧਰੋਂ ਇਕੱਠੀਆਂ ਕਰਕੇ ਖ਼ਬਰਾਂ ਪਹੁੰਚਾਉਣ, ਉਨ੍ਹਾਂ ਨੂੰ ਮਾਂਜ-ਸੁਆਰ ਅਤੇ ਕੱਟ ਵੱਢ ਕੇ ਛਾਪਣ ਅਤੇ ਉਨ੍ਹਾਂ ਦਾ ਸੰਪਾਦਨ ਕਰਨ ਵਾਲਿਆਂ ਨੂੰ ਪੱਤਰਕਾਰ ਅਤੇ ਇਹ ਸਾਰਾ ਕਿੱਤਾ ਪੱਤਰਕਾਰੀ ਕਿਹਾ ਜਾਂਦਾ ਹੈ। ਇਸ ਦੀਆਂ ਜੜ੍ਹਾਂ ਸਮਾਜ ਵਿਚ ਹੀ ਨਹੀਂ, ਮਨੁੱਖ ਦੇ ਅਰੰਭ ਕਾਲ ਤੋਂ ਫੁੱਟਦੀਆਂ ਹਨ। ਸ. ਭੁਪਿੰਦਰ ਸਿੰਘ ਅਨੁਸਾਰ ਇਸ ਵਿਚ ਉਹ ਸਾਰੇ ਰੂਪ ਸ਼ਾਮਲ ਹੋ ਜਾਂਦੇ ਹਨ ਜਿੰਨ੍ਹਾਂ ਦੁਆਰਾ ਸਮਾਚਾਰ ਅਤੇ ਉਨ੍ਹਾਂ ਬਾਰੇ ਵਿਚਾਰ ਲੋਕਾਂ ਤੱਕ ਪਹੁੰਚਾਏ ਜਾਂਦੇ ਹਨ। ਸੰਸਾਰ ਵਿਚ ਵਾਪਰਦੀਆਂ ਸਾਰੀਆਂ ਘਟਨਾਵਾਂ ਜਿੰਨ੍ਹਾਂ ਵਿਚ ਜਨਤਾ ਦੇ ਇਕ ਵੱਡੇ ਹਿੱਸੇ ਨੂੰ ਦਿਲਚਸਪੀ ਹੋ ਸਕਦੀ ਹੈ ਅਤੇ ਉਹ ਸਾਰੇ ਵਿਚਾਰ ਤੇ ਕਾਰਜ ਜੋ ਇਨ੍ਹਾਂ ਘਟਨਾਵਾਂ ਤੋਂ ਉਪਜਦੇ ਹਨ, ਪੱਤਰਕਾਰੀ ਦੀ ਮੂਲ ਸਮੱਗਰੀ ਸਮਝੇ ਜਾਂਦੇ ਹਨ। ਪੱਤਰਕਾਰੀ ਇਕ ਕਲਾ ਹੈ ਅਤੇ ਇਸ ਦਾ ਮਨੁੱਖੀ ਜੀਵਨ ਨਾਲ ਬਹੁਤ ਹੀ ਡੂੰਘਾ ਸੰਬੰਧ ਹੈ। ਇਹ ਸਮਾਚਾਰਾਂ ਅਤੇ ਉਨ੍ਹਾਂ ਸੰਬੰਧੀ ਸਮੀਖਿਆ ਨੂੰ ਵਿਸ਼ਾਲਲੋਕ ਘੇਰੇ ਤਕ ਪਹੁੰਚਾਉਣ ਵਾਲਾ ਹੁਨਰ ਹੈ।

ਇਸ ਕਲਾ ਦਾ ਸਰਵੋਤਮ ਉਦੇਸ਼ ਜੀਵਨ ਦੇ ਵੱਖ-ਵੱਖ ਪੱਖਾਂ ਬਾਰੇ ਇਕੱਤਰਤ ਕੀਤੇ ਸਮਾਚਾਰ, ਵਿਚਾਰ ਤੇ ਸੁਨੇਹਾ, ਸੰਚਾਰ ਦੇ ਪ੍ਰਾਪਤ ਸਾਧਨਾਂ ਨਾਲ ਵੱਧ ਤੋਂ ਵੱਧ ਲੋਕਾਂ ਤੱਕ ਨਿਰਲੇਪ ਤੇ ਨਿਰਪੱਖ ਦ੍ਰਿਸ਼ਟੀ ਨਾਲ ਪਹੁੰਚਾਉਣਾ ਹੈ। ਇਹ ਹਰ ਮਨੁੱਖ ਨੂੰ ਸਾਰੇ ਸੰਸਾਰ ਵਿਚ ਵਾਪਰਦੀਆਂ ਘਟਨਾਵਾਂ ਦੀ ਜਾਣਕਾਰੀ ਦੇਣ ਦੀ ਕਲਾ ਹੈ। ਇਸ ਤਰ੍ਹਾਂ ਪੱਤਰਕਾਰੀ ਚਾਰਾਂ ਦਿਸ਼ਾਵਾਂ ਤੋਂ ਸੂਚਨਾਵਾਂ ਇਕੱਠੀਆਂ ਕਰਕੇ ਲੋਕਾਂ ਸਾਹਮਣੇ ਪੇਸ਼ ਕਰਕੇ ਮਨੁੱਖੀ ਉਤਸੁਕਤਾ ਦੀ ਭੁੱਖ ਮਿਟਾਉਣ ਦਾ ਮਾਧਿਅਮ ਹੈ। ਰੂਪ ਪੱਖੋਂ ਜਨ ਸੂਚਨਾ ਸੰਚਾਰ ਦੇ ਸਾਰੇ ਸਾਧਨ - ਅਖ਼ਬਾਰ, ਮੈਗ਼ਜ਼ੀਨ, ਟੈਲੀਵਿਜ਼ਨ, ਸੋਸ਼ਲ ਮੀਡੀਆ ਆਦਿ 'ਪੱਤਰਕਾਰੀ' ਅਖਵਾਉਂਦੇ ਹਨ।

ਪੱਤਰਕਾਰੀ ਅਜੋਕੇ ਜੀਵਨ ਦਾ ਇਕ ਪ੍ਰਮੁੱਖ ਹਿੱਸਾ ਬਣ ਗਈ ਹੈ। ਪੱਤਰਕਾਰੀ ਦੇ ਵੱਖ-ਵੱਖ ਸਾਧਨਾਂ ਦਾ ਅੱਜ ਬਹੁਤ ਮਹੱਤਵ ਹੈ। ਅਖ਼ਬਾਰਾਂ ਦੀ ਪਹੁੰਚ ਦੂਰ-ਦੂਰ ਤਕ ਹੈ ਅਤੇ ਅਖ਼ਬਾਰਾਂ ਪੜ੍ਹਨਾ ਬਹੁਤ ਸਾਰੇ ਲੋਕਾਂ ਦਾ ਰੋਜ਼ਾਨਾ ਜੀਵਨ ਦਾ ਅੰਗ ਬਣ ਗਿਆ ਹੈ। ਇਸੇ ਤਰ੍ਹਾਂ ਹੀ ਟੀ.ਵੀ., ਸੋਸ਼ਲ ਮੀਡੀਆ ਤੇ ਹੋਰ ਸਾਧਨ ਵੀ ਹਰੇਕ ਦੀ ਜ਼ਿੰਦਗੀ 'ਚ ਆਪਣੀ ਜਗ੍ਹਾ ਬਣਾਈ ਬੈਠੇ ਹਨ। ਪੱਤਰਕਾਰੀ ਸਮੇਂ ਦੇ ਨਾਲ-ਨਾਲ, ਜਨਤਾ ਦਾ ਗਿਆਨ ਵਧਾਉਣ ਦਾ ਕੰਮ ਵੀ ਬਾਖ਼ੂਬੀ ਨਿਭਾ ਰਹੀ ਹੈ। ਪੱਤਰਕਾਰੀ ਜਨਤਾ ਨੂੰ ਬਦਲਦੇ ਹਾਲਾਤਾਂ ਤੋਂ ਜਾਣੂੰ ਕਰਵਾਉਂਦੀ ਹੈ। ਇਸਦੇ ਨਾਲ ਹੀ ਜਨਤਾ ਨੂੰ ਇਹ ਵੀ ਸਮਝਾਉਂਦੀ ਹੈ ਕਿ ਆਪਣੇ ਆਲੇ ਦੁਆਲੇ ਹੋ ਰਹੇ ਪਰਿਵਰਤਨਾਂ ਵਿਚੋਂ ਉਨ੍ਹਾਂ ਲਈ ਕਿਹੜੇ ਪਰਿਵਰਤਨ ਫਾਇਦੇਮੰਦ ਹਨ ਅਤੇ ਕਿਹੜੇ ਪਰਿਵਰਤਨ ਨੁਕਸਾਨਦਾਇਕ ਹਨ। ਪੱਤਰਕਾਰੀ ਸਮਾਜ ਦੀ ਅਗਵਾਈ ਕਰਦੀ ਹੈ ਅਤੇ ਜਨਤਾ ਨੂੰ ਜ਼ਿੰਮੇਵਾਰ ਤੇ ਨਿਰਪੱਖੀ ਫੈਸਲੇ ਲੈਣ ਦੇ ਯੋਗ ਬਣਾਉਂਦੀ ਹੈ। ਪੱਤਰਕਾਰੀ ਜਨਤਾ ਨੂੰ ਸਮੇਂ ਦੇ ਹਾਣ ਦਾ ਹੋਣ ਵਿਚ ਮਦਦ ਕਰਦੀ ਹੈ। ਉਹ ਮਨੁੱਖ ਦੀ ਪੱਥਪ੍ਰਦਰਸ਼ਕ ਹੈ। ਇਸਦੇ ਰਾਹੀਂ ਅਸੀਂ ਜੀਵਨ ਭਰ ਨਵਾਂ ਗਿਆਨ ਗ੍ਰਹਿਣ ਕਰ ਸਕਦੇ ਹਾਂ ਅਤੇ ਨਵੇਂ ਵਿਚਾਰਾਂ ਬਾਰੇ ਜਾਣਕਾਰੀ ਰੱਖ ਸਕਦੇ ਹਾਂ।

ਅਖ਼ਬਾਰਾਂ ਦੀ ਮਹੱਤਤਾ ਜ਼ਿਆਦਾ ਇਨ੍ਹਾਂ ਦੀ ਸਰਬ-ਵਿਆਪਕ ਪਹੁੰਚ ਅਤੇ ਸਾਧਾਰਣ ਸ਼ੈਲੀ ਕਾਰਣ ਹੈ। ਕੋਈ ਵੀ ਸਾਧਾਰਣ ਪੜ੍ਹਿਆ ਲਿਖਿਆ ਆਦਮੀ ਇਹਨਾਂ ਨੂੰ ਅਸਾਨੀ ਨਾਲ ਪੜ੍ਹ ਅਤੇ ਸਮਝ ਸਕਦਾ ਹੈ। ਪਿੰਡਾਂ ਵਿਚ ਵਿਸ਼ੇਸ਼ ਅਤੇ ਕਈ ਥਾਵਾਂ 'ਤੇ ਸ਼ਹਿਰਾਂ ਵਿਚ ਵੀ ਇਕ ਆਦਮੀ ਅਖ਼ਬਾਰ ਵਿਚਲੀਆਂ ਖ਼ਬਰਾਂ ਨੂੰ ਪੜ੍ਹਦਾ ਹੈ ਅਤੇ ਬਾਕੀ ਆਲੇ ਦੁਆਲੇ ਬੈਠੇ ਬਜ਼ੁਰਗ, ਬੱਚੇ ਜਾਂ ਅਨਪੜ੍ਹ ਆਦਮੀ ਨੂੰ ਵੀ ਇਨ੍ਹਾਂ ਨੂੰ ਸਮਝਣ ਵਿਚ ਕੋਈ ਮੁਸ਼ਕਲ ਨਹੀਂ ਹੁੰਦੀ। ਅਖ਼ਬਾਰਾਂ ਦੇ ਨਾਲ-ਨਾਲ ਟੈਲੀਵਿਜਨ, ਇੰਟਰਨੈਟ ਤਾਂ ਹੈ ਹੀ ਸੀ ਪਰ ਹੁਣ ਸੋਸ਼ਲ ਮੀਡੀਆ ਵੀ ਪੱਤਰਕਾਰੀ ਦੇ ਖੇਤਰ ਵਿਚ ਆਪਣੀ ਥਾਂ ਬਣਾ ਚੁੱਕਿਆ ਹੈ। ਪੱਤਰਕਾਰੀ ਦੇ ਇਹ ਸਾਰੇ ਹੀ ਸਾਧਨ ਆਧੁਨਿਕ ਹਨ ਅਤੇ ਇਤਨੇ ਮਨਮੋਹਕ ਹਨ ਕਿ ਹਰ ਕੋਈ ਇਨ੍ਹਾਂ ਤੋਂ ਅਸਾਨੀ ਨਾਲ ਪ੍ਰਭਾਵਿਤ ਹੋ ਜਾਂਦਾ ਹੈ। ਟੈਲੀਵਿਜਨ ਅਤੇ ਇੰਟਰਨੈੱਟ ਅੱਜ ਹਰ ਘਰ, ਹਰ ਜਗ੍ਹਾ 'ਤੇ ਮਿਲ ਜਾਂਦੇ ਹਨ ਅਤੇ ਹੁਣ ਇਨ੍ਹਾਂ ਦਾ ਸਮਾਂ ਬੰਨ੍ਹਿਆ ਨਹੀਂ ਹੈ। ਇਹ **24** ਘੰਟੇ ਕਾਰਜਸ਼ੀਲ ਰਹਿੰਦੇ ਹਨ। ਅਨੇਕਾਂ ਟੀਵੀ ਜਾਂ ਸੋਸ਼ਲ ਮੀਡੀਆ ਚੈਨਲਾਂ ਉੱਤੇ ਖ਼ਬਰਾਂ, ਗਿਆਨ, ਮਨੋਰੰਜਨ ਜਾਂ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਹਰ ਤਰ੍ਹਾਂ ਦੇ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਹਨ। ਦਿਨ ਦੇ ਆਰੰਭ ਤੋਂ ਸ਼ੁਰੂ ਹੋ ਕੇ ਇਹ ਸਮੇਂ ਅਨੁਸਾਰ ਧਾਰਮਿਕ, ਯੋਗਾ, ਖ਼ਬਰਾਂ, ਗਿਆਨ ਆਦਿ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਮਨਪ੍ਰਚਾਵੇ ਦੇ ਨਾਲ-ਨਾਲ ਗਿਆਨ ਦੇਣ ਅਤੇ ਸੁਚੇਤ ਕਰਣ ਦਾ ਕੰਮ ਕਰਦੇ ਹਨ। ਟੀ.ਵੀ. ਤੇ ਮੋਬਾਇਲ ਵਿਚ ਖਬਰਾਂ ਜਾਂ ਪ੍ਰੋਗਰਾਮ ਵੇਖਣ-ਸੁਣਨ ਲਈ ਪੜ੍ਹੇ-ਲਿਖੇ ਹੋਣਾ ਵੀ ਕੋਈ ਸ਼ਰਤ ਨਹੀਂ, ਅਨਪੜ੍ਹ ਮਨੁੱਖ ਲਈ ਵੀ ਇਹ ਉਤਨਾ ਹੀ ਸਰਲ ਹੈ ਜਿਤਨਾ ਪੜ੍ਹੇ ਲਿਖੇ ਲਈ ਹੈ।

ਇਨ੍ਹਾਂ ਨਵੇਂ ਸੰਚਾਰ ਸਾਧਨਾਂ ਨਾਲ ਇਤਨੀ ਤੇਜ਼ੀ ਆ ਗਈ ਹੈ ਕਿ ਅਜੋਕੇ ਸਮੇਂ ਵਿਚ ਘਟਨਾ ਦੇ ਘਟਨ ਅਤੇ ਪ੍ਰਸਾਰਿਤ ਹੋਣ ਵਿਚਲਾ ਸਮਾਂ ਹੀ ਖ਼ਤਮ ਹੋ ਗਿਆ ਹੈ। ਟੈਕਨਾਲੋਜੀ ਨੇ ਇਤਨੀ ਤਰੱਕੀ ਕਰ ਲਈ ਹੈ ਕਿ ਅੱਜ ਸਾਰੀ ਦੁਨੀਆ ਵਿਚ ਕਿਧਰੇ ਵੀ ਕੁਝ ਚੰਗਾ, ਮਾੜਾ ਵਾਪਰਦਾ ਹੈ ਤਾਂ ਉਸਦੀ ਖ਼ਬਰ ਸੋਸ਼ਲ ਮੀਡੀਆ ਉੱਤੇ ਕੁਝ ਸਕਿੰਟਾਂ ਵਿਚ ਹੀ ਵੇਖੀ ਜਾ ਸਕਦੀ ਹੈ। ਹਜ਼ਾਰਾਂ ਮੀਲ ਦੂਰ ਬੈਠੇ ਕਿਸੇ ਦੋਸਤ, ਮਿੱਤਰ, ਰਿਸ਼ਤੇਦਾਰ ਜਾਂ ਕਿਸੇ ਨਾਲ ਵੀ ਸਾਹਮਣੇ ਬੈਠ ਕੇ ਗੱਲਾਂ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਨੂੰ ਸੁਣਿਆ ਹੀ ਨਹੀਂ ਦੇਖਿਆ ਵੀ ਜਾ ਸਕਦਾ ਹੈ। ਦੂਰੀ ਤਾਂ ਜਿਵੇਂ ਖ਼ਤਮ ਹੀ ਹੋ ਗਈ ਹੈ। ਇਸੇ ਲਈ ਅਜਕਲ ਇਹ ਕਿਹਾ ਜਾਂਦਾ ਹੈ ਕਿ ਵਿਗਿਆਨ ਨੇ ਦੁਨੀਆ ਨੂੰ ਸੁੰਗੇੜ ਕੇ ਰੱਖ ਦਿੱਤਾ ਹੈ। ਪਰ ਅਜਿਹੇ ਸਮੇਂ ਵਿਚ ਵੀ ਅਖ਼ਬਾਰਾਂ ਦਾ ਮਹੱਤਵ ਘਟਿਆ ਨਹੀਂ। ਹਰ ਮਨੁੱਖ ਸਵੇਰੇ ਉਠਦਿਆਂ ਸਭ ਤੋਂ ਪਹਿਲਾਂ ਆਪਣੇ ਕੋਲ ਅਖ਼ਬਾਰ ਹੀ ਚਾਹੁੰਦਾ ਹੈ। ਅਖ਼ਬਾਰ ਨਾਲ ਹੀ ਆਪਣੇ ਦਿਨ ਦੀ ਸ਼ੁਰੂਆਤ ਕਰਦਾ ਹੈ। ਇਉਂ ਸਮੇਂ ਦੇ ਨਾਲ ਨਾਲ ਪੱਤਰਕਾਰੀ ਦਾ ਸਰੂਪ ਅਤੇ ਉਦੇਸ਼ ਬਹੁਤ ਬਦਲ ਗਏ ਅਤੇ ਵਿਕਾਸ ਕਰ ਗਏ ਹਨ। ਇਹ ਪਹਿਲਾਂ ਵੀ ਜੀਵਨ ਦਾ ਹਿੱਸਾ ਸਨ ਪਰ ਹੁਣ ਇਹ ਸੰਬੰਧ ਹੋਰ ਵੀ ਪੱਕਾ, ਅਟੁੱਟ ਬਣਦਾ ਜਾ ਰਿਹਾ ਹੈ। ਅਜ ਦਾ ਮਨੁੱਖ ਮੋਬਾਇਲ, ਇੰਟਰਨੈਟ ਤੇ ਸੋਸ਼ਲ ਮੀਡੀਆ ਦਾ ਇਤਨਾ ਆਦੀ ਹੁੰਦਾ ਜਾ ਰਿਹਾ ਹੈ ਕਿ ਹਰ ਜਾਣਕਾਰੀ ਲਈ ਉਹ ਇੰਟਰਨੈਟ ਉਤੇ ਨਿਰਭਰ ਕਰਨ ਲਗ ਪਿਆ ਹੈ ਅਤੇ ਇਸਦੀ ਤੇਜ਼ ਰਫ਼ਤਾਰ ਸੇਵਾ ਨਾਲ ਹਰ ਜਾਣਕਾਰੀ ਕੁਝ ਪਲਾਂ ਵਿਚ ਹੀ ਸਾਡੇ ਸਾਹਮਣੇ ਹੁੰਦੀ ਹੈ। ਇੰਟਰਨੈਟ ਤੋਂ ਕੁਝ ਜਾਨਣ ਲਈ ਵਿਸ਼ੇ ਦੀ ਕੋਈ ਸੀਮਾਂ ਨਹੀਂ ਹੈ। ਇਹ ਅਥਾਹ ਸਾਗਰ ਹੈ ਜਿਸਦਾ ਕੋਈ ਅੰਤ ਨਹੀਂ।

ਸੋ ਵਰਤਮਾਨ ਸਮੇਂ ਵਿਚ 'ਪੱਤਰਕਾਰੀ' ਸ਼ਬਦ ਦੇ ਅਰਥ ਬਹੁਤ ਵਿਆਪਕ ਹੋ ਚੁੱਕੇ ਹਨ। ਹੁਣ 'ਪੱਤਰਕਾਰੀ' ਕੇਵਲ ਜਨ ਸੂਚਨਾ ਸੰਚਾਰ ਦਾ ਕਾਰਜ ਹੀ ਨਹੀਂ ਕਰਦੀ ਸਗੋਂ ਹੋਰ ਵੀ ਮਹੱਤਵਪੂਰਨ ਕਰਤਵ ਨਿਭਾਉਂਦੀ ਹੈ। ਅੱਜ ਪੱਤਰਕਾਰੀ ਸਥਾਨਕ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੂਚਨਾਵਾਂ ਦੇਣ ਦੇ ਨਾਲ ਨਾਲ ਸਮਾਚਾਰਾਂ ਦੀ ਵਿਆਖਿਆ ਕਰਨ, ਅਗਵਾਈ ਦੇਣ, ਮਨ ਪਰਚਾਵਾ ਕਰਨ, ਵਿਗਿਆਪਨ ਦੇਣ ਅਤੇ ਸਮਾਚਾਰਾਂ ਸੰਬੰਧੀ ਟਿੱਪਣੀਆਂ ਦੇ ਕੇ ਲੋਕਰਾਇ ਨੂੰ ਲਾਮਬੰਦ ਕਰਕੇ ਸਮਾਜ ਅਤੇ ਰਾਜ ਪ੍ਰਬੰਧ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਵਿਸ਼ਵ ਪ੍ਰਸਿੱਧ ਚਿੰਤਕ ਜੇਮਜ਼ ਗਰਫ਼ੀਲਡ ਅਨੁਸਾਰ "ਪ੍ਰਿੰਟਿੰਗ ਪ੍ਰੈਸ ਇਕ ਉਹ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਨਾਲ ਵਿਅਕਤੀ ਆਪਣੇ ਆਪ ਨਾਲ ਹੁੰਦੀ ਬੇਇਨਸਾਫ਼ੀ ਅਤੇ ਵਧੀਕੀ ਵਿਰੁੱਧ ਲੜਦਾ ਹੈ। ਰੂਸੀ ਲੇਖਕ ਬੋਰਿਸ ਪਨਕਿਨ ਅਨੁਸਾਰ "ਸਮਾਚਾਰ ਪੱਤਰ ਲੋਕਾਂ ਨੂੰ ਨਿਤ ਵਾਪਰਦੀਆਂ ਘਟਨਾਵਾਂ, ਗ਼ਲਤੀਆਂ ਅਤੇ ਜੁਰਮਾਂ ਦੀ ਜਾਣਕਾਰੀ ਦਿੰਦੇ ਹਨ, ਪਰੰਤੂ ਨਾਲ ਹੀ ਇਹ ਸਮਾਜ ਦੇ ਹਿੱਤਾਂ ਲਈ ਪ੍ਰਾਰਥਕ ਵੀ ਹੁੰਦੇ ਹਨ।" ਸ. ਭੁਪਿੰਦਰ ਸਿੰਘ ਪੱਤਰਕਾਰੀ ਦੇ ਚਾਰ ਉਦੇਸ਼- ਸੂਚਨਾ ਦੇਣਾ, ਸੂਚਨਾ ਦੀ ਵਿਆਖਿਆ ਕਰਨੀ, ਅਗਵਾਈ ਦੇਣੀ ਅਤੇ ਮਨਪਰਚਾਵਾ ਕਰਨਾ ਮੰਨਦੇ ਹਨ। ਇਸ ਤੋਂ ਇਲਾਵਾ ਪੱਤਰਕਾਰੀ ਦੇ ਕੁਝ ਹੋਰ ਮਹੱਤਵਪੂਰਨ ਕਾਰਜ ਵੀ ਹਨ ਜਿਵੇਂ ਵਿਗਿਆਪਨ ਦੇਣਾ ਅਤੇ ਅਜਿਹੀਆਂ ਸੂਚਨਾਵਾਂ 'ਤੇ ਟਿੱਪਣੀਆਂ ਦੇਣਾ, ਜਿਹੜੀਆਂ ਸਮਾਚਾਰਾਂ ਤੋਂ ਭਿੰਨ ਹੁੰਦੀਆਂ ਹਨ। ਡੇਵਿਡ ਵੈਨਰਾਈਟ ਦਾ ਵਿਚਾਰ ਹੈ ਕਿ "ਪੱਤਰਕਾਰੀ ਲੋਕਾਂ ਬਾਰੇ ਅਤੇ ਲੋਕਾਂ ਲਈ ਹੀ ਪ੍ਰਕਾਸ਼ਿਤ ਕੀਤੀ ਜਾਂਦੀ

ਹੈ।" ਮਹਾਤਮਾ ਗਾਂਧੀ ਅਨੁਸਾਰ "ਪੱਤਰਕਾਰੀ ਦਾ ਇਕੋ ਇਕ ਉਦੇਸ਼ ਸੇਵਾ ਹੋਣਾ ਚਾਹੀਦਾ ਹੈ।" ਗੋਪਾਲ ਕ੍ਰਿਸ਼ਨ ਗੋਖਲੇ ਅਨੁਸਾਰ "ਪਰੈਸ ਲੋਕ ਹਿੱਤਾਂ ਦਾ ਰਖਵਾਲਾ ਹੈ।"

ਉਪਰੋਕਤ ਵਿਚਾਰ ਚਰਚਾ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਅੱਜ ਪੱਤਰਕਾਰੀ ਦਾ ਉਦੇਸ਼ ਲੋਕ-ਹਿੱਤਾਂ ਦੀ ਪਹਿਰੇਦਾਰੀ ਹੈ ਅਤੇ ਇਸ ਦੀ ਪ੍ਰਤਿਬੱਧਤਾ ਵੀ ਪੂਰਨ ਰੂਪ ਵਿਚ ਲੋਕ ਹਿੱਤਾਂ ਨਾਲ ਜੁੜੀ ਹੋਈ ਹੈ। ਇਸ ਲਈ ਲੋਕ ਹਿੱਤਾਂ ਨੂੰ ਪ੍ਰਮੁੱਖ ਰੱਖਦਿਆਂ ਸਮਾਚਾਰਾਂ ਦੇ ਸੰਚਾਰ, ਵਿਆਖਿਆ, ਟਿੱਪਣੀਆਂ, ਵਿਗਿਆਪਨ ਅਤੇ ਮਨੋਰੰਜਨ ਆਦਿ ਟੈਲੀਵਿਜਨ, ਸਮਾਚਾਰ ਪੱਤਰਾਂ, ਮੈਗਜ਼ੀਨਾਂ, ਸੋਸ਼ਲ ਮੀਡੀਆ ਅਤੇ ਜਨ-ਸੰਚਾਰ ਦੇ ਹੋਰ ਸਾਧਨਾਂ ਰਾਹੀਂ ਕੀਤੀ ਗਈ ਪੇਸ਼ਕਾਰੀ ਹੀ ਪੱਤਰਕਾਰੀ ਹੈ। ਅਜੋਕੇ ਯੁੱਗ ਵਿਚ ਵਿਸਤ੍ਰਿਤ ਅਰਥਾਂ ਅਨੁਸਾਰ ਪੱਤਰਕਾਰੀ ਸਮਾਜ ਵਿਚ ਨਿੱਤ ਵਾਪਰ ਰਹੀਆਂ ਘਟਨਾਵਾਂ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਸਮਾਚਾਰ ਵਿਸ਼ਲੇਸ਼ਣ ਅਤੇ ਹੋਰ ਦਿਲਚਸਪ ਸਮੱਗਰੀ ਆਦਿ ਰਾਹੀਂ ਵਿਸ਼ਾਲ ਜਨਸਮੂਹ ਨੂੰ ਸਮਾਜ ਦੀਆਂ ਸਮਾਜਕ, ਆਰਥਕ, ਰਾਜਨੀਤਕ ਅਤੇ ਧਾਰਮਿਕ ਸਰਗਰਮੀਆਂ ਦੀ ਜਾਣਕਾਰੀ ਪ੍ਰਦਾਨ ਕਰਕੇ ਲੋਕਾਂ ਨੂੰ ਚੇਤਨ ਕਰਨ ਦਾ ਮਹੱਤਵਪੂਰਨ ਕਾਰਜ ਵੀ ਕਰਦੀ ਹੈ। ਇਸਦਾ ਉਦੇਸ਼ ਕੇਵਲ ਮਨੁੱਖ ਨੂੰ ਭੂਤ, ਭਵਿੱਖ ਅਤੇ ਵਰਤਮਾਨ ਸੰਬੰਧੀ ਖ਼ਬਰਾਂ ਅਤੇ ਸਮੱਗਰੀ ਰਾਹੀਂ ਜਾਣਕਾਰੀ ਪ੍ਰਦਾਨ ਕਰਨਾ ਹੀ ਨਹੀਂ ਸਗੋਂ ਉਨ੍ਹਾਂ ਦਾ ਮਾਰਗ ਦਰਸ਼ਨ ਕਰਨਾ ਵੀ ਹੈ। ਇਸ ਤਰ੍ਹਾਂ ਵਰਤਮਾਨ ਪੱਤਰਕਾਰੀ ਦਾ ਉਦੇਸ਼ ਸਿੱਧੇ ਰੂਪ ਵਿਚ ਲੋਕ ਹਿੱਤਾਂ ਨਾਲ ਜਾ ਜੁੜਦਾ ਹੈ ਅਤੇ ਇਸ ਦੀ ਇਕ ਵਿਸ਼ੇਸ਼ ਸਮਾਜਿਕ ਜ਼ਿੰਮੇਵਾਰੀ ਹੈ।

## ਸੰਦਰਭ ਸੂਚੀ


1. ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਐਨਸਾਈਕਲੋਪੀਡੀਆ ਬ੍ਰਿਟੈਨਿਕਾ ਲਿਮਿਟਿਡ, ਸ਼ਿਕਾਗੋ, ਲੰਡਨ, ਟਰਾਂਟੋ, 1959, ਵਾਲਯੂਮ 13
2. ਐਨਸਾਈਕਲੋਪੀਡੀਆ ਆਫ਼ ਅਮੈਰਿਕਾਨਾ, ਅਮਰੀਕਨ ਕਾਰਪੋਰੇਸ਼ਨ, ਨਿਊਯਾਰਕ, 1961, ਵਾਲਯੂਮ 16
3. ਸੂਬਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974
4. ਕੁਲਦੀਪ ਸਿੰਘ, ਪੱਤਰਕਾਰੀ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1962
5. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001
6. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦੇ ਸਾਹਿਤਕ ਸਰੋਕਾਰ ਅਤੇ ਸੀਮਾਵਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003
7. ਅਰੋੜਾ, ਹਰੀਸ਼, (ਡਾ), ਜਨਸੰਚਾਰ (ਹਿੰਦੀ), ਯੁਵਾ ਸਾਹਿਤ ਮੰਡਲ, ਨਵੀਂ ਦਿੱਲੀ, 2009
8. ਅਰੋੜਾ, ਹਰੀਸ਼, (ਡਾ), ਪ੍ਰਿੰਟ ਮੀਡੀਆ ਲੇਖਨ (ਹਿੰਦੀ), ਕੇ. ਕੇ. ਪਬਲੀਕੇਸ਼ਨ, ਨਵੀਂ ਦਿੱਲੀ, 2009
9. ਕੁੰਦਰਾ, ਬਲਬੀਰ (ਡਾ), ਜਨਸੰਚਾਰ ਬਦਲਤੇ ਪਰਿਪ੍ਰੇਕਸ਼ਯ ਮੇਂ, (ਹਿੰਦੀ) ਤਕਸ਼ਿਲਾ ਪ੍ਰਕਾਸ਼ਨ, 2009